# Visit of External Affairs Minister to the Republic of Paraguay

August 23, 2022

## . ਵਿਦੇਸ਼ ਮੰਤਰੀ ਵੱਲੋਂ ਪੈਰਾਗੁਏ ਗਣਰਾਜ ਦਾ ਦੌਰਾ

**23 ਅਗਸਤ, 2022**

1. ਵਿਦੇਸ਼ ਮੰਤਰੀ (EAM) ਡਾ. ਐੱਸ. ਜੈਸ਼ੰਕਰ ਨੇ 21-22 ਅਗਸਤ, 2022 ਤੱਕ ਪੈਰਾਗੁਏ ਗਣਰਾਜ ਦਾ ਅਧਿਕਾਰਤ ਦੌਰਾ ਕੀਤਾ ਅਤੇ ਅਸੂਨਸੀਅਨ ਵਿੱਚ ਨਵੇਂ ਖੁੱਲ੍ਹੇ ਭਾਰਤੀ ਦੂਤਾਵਾਸ ਦਾ ਉਦਘਾਟਨ ਕੀਤਾ। ਕਿਸੇ ਭਾਰਤੀ ਵਿਦੇਸ਼ ਮੰਤਰੀ ਵੱਲੋਂ ਪੈਰਾਗੁਏ ਗਣਰਾਜ ਦਾ ਇਹ ਪਹਿਲਾ ਦੌਰਾ ਸੀ, ਜੋ ਦੋਹਾਂ ਦੇਸ਼ਾਂ ਦੇ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 60ਵੀਂ ਵਰ੍ਹੇਗੰਢ ਦੇ ਮੌਕੇ ਹੋਇਆ ਹੈ।

2. ਯਾਤਰਾ ਦੀ ਸ਼ੁਰੂਆਤ ਅਸੂਨਸੀਓਨ ਦੇ ਵਾਟਰਫਰੰਟ 'ਤੇ ਮਹਾਤਮਾ ਗਾਂਧੀ ਦੀ ਮੂਰਤੀ ਦੇ ਉਦਘਾਟਨ ਨਾਲ ਹੋਈ। ਵਿਦੇਸ਼ ਮੰਤਰੀ ਨੇ ਰਾਸ਼ਟਰੀ ਨਾਇਕ ਸਮਾਰਕ ਵਿਖੇ ਸ਼ਰਧਾਂਜਲੀ ਭੇਟ ਕੀਤੀ ਅਤੇ ਪੈਰਾਗੁਏ ਦੇ ਰਾਸ਼ਟਰੀ ਨਾਇਕਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ।

3. EAM  ਨੇ ਪੈਰਾਗੁਏ ਗਣਰਾਜ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀਮਾਨ ਮਾਰੀਓ ਅਬਦੋ ਬੇਨਿਟੇਜ਼ ਨਾਲ ਰਾਸ਼ਟਰਪਤੀ ਭਵਨ ਵਿੱਚ ਮੁਲਾਕਾਤ ਕੀਤੀ। ਵਿਦੇਸ਼ ਮੰਤਰੀ ਨੇ ਪੈਰਾਗੁਏ ਗਣਰਾਜ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀਮਾਨ ਜੂਲੀਓ ਸੀਜ਼ਰ ਅਰੀਓਲਾ ਨਾਲ ਵੀ ਬੈਠਕ  ਕੀਤੀ, ਜਿਸ ਦੌਰਾਨ ਦੋਵੇਂ ਪੱਖਾਂ ਨੇ ਵਪਾਰ ਅਤੇ ਵਣਜ, ਖੇਤੀਬਾੜੀ, ਫਾਰਮਾਸਿਊਟੀਕਲ, ਰਵਾਇਤੀ ਦਵਾਈਆਂ, ਤਕਨੀਕੀ ਅਤੇ ਵਿਕਾਸ ਸਹਿਯੋਗ, ਸੂਰਜੀ ਊਰਜਾ, ਮੇਰਕੋਸੁਰ ਸਮੇਤ ਵੱਖ-ਵੱਖ ਖੇਤਰਾਂ ਵਿੱਚ ਆਪਣੇ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਸਹਿਮਤੀ ਦਿੱਤੀ। ਉਨ੍ਹਾਂ ਨੇ ਖੇਤਰੀ ਅਤੇ ਆਲਮੀ ਮਾਮਲਿਆਂ 'ਤੇ ਵੀ ਵਿਚਾਰ -ਵਟਾਂਦਰੇ ਕੀਤੇ ਅਤੇ ਬਹੁ-ਪੱਖੀ ਮੰਚਾਂ 'ਤੇ ਇਕ-ਦੂਜੇ ਨੂੰ ਹਮਾਇਤ ਜਾਰੀ ਰੱਖਣ ਅਤੇ ਨਿਯਮ ਆਧਾਰਿਤ ਅੰਤਰਰਾਸ਼ਟਰੀ ਵਿਵਸਥਾ ਨੂੰ ਅੱਗੇ ਵਧਾਉਣ ਉੱਤੇ ਸਹਿਮਤੀ ਪ੍ਰਗਟਾਈ। EAM ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ COVID  ਮਹਾਂਮਾਰੀ ਦੌਰਾਨ ਭਾਰਤ ਦੁਆਰਾ ਟੀਕਿਆਂ ਦੀ ਸਪਲਾਈ ਕੀਤਾ ਜਾਣਾ ਪੈਰਾਗੁਏ ਨਾਲ ਏਕੇ ਦਾ ਪ੍ਰਤੀਕ ਸੀ।

4. EAM ਨੇ ਪੈਰਾਗੁਏ ਦੇ ਵਣਜ ਅਤੇ ਉਦਯੋਗ ਮੰਤਰੀ ਮਹਾਮਹਿਮ ਸ਼੍ਰੀਮਾਨ ਲੁਈਸ ਅਲਬਰਟੋ ਕਾਸਤਿਗਲੀਓਨ ਦੀ ਮੌਜੂਦਗੀ ਵਿੱਚ ਪੈਰਾਗੁਏ ਦੀ ਉਦਯੋਗਿਕ ਯੂਨੀਅਨ ਵਿਖੇ ਇੱਕ ਵਪਾਰਕ ਇਕੱਠ ਨੂੰ ਸੰਬੋਧਨ ਕੀਤਾ।

5. ਅਸੂਨਸੀਓਨ ਵਿੱਚ ਭਾਰਤੀ ਦੂਤਾਵਾਸ ਦਾ ਉਦਘਾਟਨ EAM ਅਤੇ ਵਿੱਤ ਮੰਤਰੀ ਮਹਾਮਹਿਮ ਸ਼੍ਰੀਮਾਨ ਜੂਲੀਓ ਸੀਜ਼ਰ ਅਰਰੀਓਲਾ ਦੁਆਰਾ ਸਾਂਝੇ ਤੌਰ 'ਤੇ ਕੀਤਾ ਗਿਆ। ਉਦਘਾਟਨ ਸਮਾਗਮ ਵਿੱਚ ਪੈਰਾਗੁਏ ਸਰਕਾਰ ਦੇ ਗ੍ਰਹਿ ਮੰਤਰੀ ਮਹਾਮਹਿਮ ਸ਼੍ਰੀ ਫੇਡਰਿਕੋ ਏ. ਗੋਂਜ਼ਾਲੇਜ਼ ਤੋਂ ਛੁੱਟ ਸ਼ਾਮਲ ਹੋਏ ਹੋਰ ਮਹਿਮਾਨਾਂ ਵਿੱਚ ਕੂਟਨੀਤਕ ਦਲ ਦੇ ਮੈਂਬਰ, ਵਪਾਰਕ ਭਾਈਚਾਰੇ ਅਤੇ ਪੈਰਾਗੁਏ ਵਿੱਚ ਮੌਜੂਦ ਭਾਰਤੀ ਪ੍ਰਵਾਸੀ ਸਨ।

ਨਵੀਂ ਦਿੱਲੀ

23 ਅਗਸਤ, 2022

DISCLAIMER: This is an approximate translation. The original is available in English on MEA’s website and may be referred to as the official press release.